# ਬਾਰਾਂ ਅਨੁਪ੍ਰੇਕਸ਼ਾਵਾਂ

# BARAN ANUPREKSHAVAN



**ਮੂਲ ਲੇਖਕ : ਅਚਾਰਿਆ ਕੁੰਦਕੁੰਦ**

**ਅਨੁਪਾਦਕ :**

**ਪੁਰਸ਼ੋਤਮ ਜੈਨ - ਰਵਿੰਦਰ ਜੈਨ**

ਪ੍ਰਕਾਸ਼ਕ :

**26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ**

ਮਹਾਂਵੀਰ ਸਟਰੀਟ, ਪੁਰਾਣਾ ਬਸ ਸਟੈਂਡ, ਕਲੱਬ ਚੌਂਕ,
ਮਾਲੇਰਕੋਟਲਾ - 148023 (ਪੰਜਾਬ)



## ਅਨੁਵਾਦਕਾਂ ਵੱਲੋਂ ਬੇਨਤੀ

ਅਚਾਰਿਆ ਕੁੰਦ-ਕੁੰਦ ਸੁਆਮੀ ਜੈਨ ਪਰੰਪਰਾ ਦੇ ਪ੍ਰਸਿੱਧ ਵਿਦਵਾਨ ਹੋਏ ਹਨ। ਆਪ ਦਾ ਜਨਮ ਅੱਜ ਤੋਂ 2000 ਸਾਲ ਪਹਿਲਾਂ ਦੱਖਣ ਭਾਰਤ ਵਿੱਚ ਹੋਇਆ ਸੀ। ਦਿਗੰਬਰ ਜੈਨ ਪਰੰਪਰਾ ਵਿੱਚ ਆਪ ਦਾ ਨਾਂਅ ਭਗਵਾਨ ਮਹਾਵੀਰ, ਇੰਦਰਭੂਤੀ ਗੌਤਮ ਤੋਂ ਬਾਅਦ ਬੜੀ ਸ਼ਰਧਾ ਨਾਲ ਮੰਗਲਮਈ ਮੰਨ ਕੇ ਲਿਆ ਜਾਂਦਾ ਹੈ। ਆਪ ਨੇ ਪ੍ਰਾਕ੍ਰਿਤ ਭਾਸ਼ਾ ਵਿੱਚ ਅਨੇਕਾਂ ਗ੍ਰੰਥਾਂ ਦੀ ਰਚਨਾ ਕੀਤੀ ਹੈ। ਜਿਨ੍ਹਾਂ ਵਿੱਚ 'ਸਮੇਂ ਸਾਰ', 'ਨਿਯਮ ਸਾਰ' ਅਤੇ 'ਪ੍ਰਵਚਨ ਸਾਰ' ਆਦਿ ਬਹੁਤ ਪ੍ਰਸਿੱਧ ਗ੍ਰੰਥ ਹਨ। ਇਨ੍ਹਾਂ ਗ੍ਰੰਥਾਂ ਤੋਂ ਛੁੱਟ ਆਪ ਨੇ ਹੋਰ ਦਾਰਸ਼ਨਿਕ ਤੇ ਭਗਤੀ ਦੀ ਪਰੰਪਰਾ 'ਤੇ ਬਹੁਤ ਸਾਰੇ ਗ੍ਰੰਥ ਲਿਖੇ ਹਨ। ਹਥਲਾ 'ਬਾਰਹ ਅਨੁਪ੍ਰੇਕਸ਼ਾਵਾਂ' ਗ੍ਰੰਥ ਵੀ ਪ੍ਰਾਕ੍ਰਿਤ ਭਾਸ਼ਾ ਵਿੱਚ ਹੈ ਜਿਸ ਵਿੱਚ ਆਪ ਨੇ ਜੀਵ ਨੂੰ ਅਸ਼ਰਣ ਭਾਵਨਾ, ਅਨਿੱਤਯਤਵ ਭਾਵਨਾ, ਲੋਕ ਭਾਵਨਾ, ਅਸ਼ੁਚੀ ਭਾਵਨਾ, ਆਸ਼ਰਵ ਭਾਵਨਾ, ਨਿਰਜਰਾ ਭਾਵਨਾ, ਧਰਮ ਭਾਵਨਾ, ਬੋਧੀ ਦੁਰਲਭ ਭਾਵਨਾ, ਏਕੱਤਵ ਭਾਵਨਾ, ਸੰਸਾਰ ਅਸ਼ੁਚਿੱਤਯ, ਸੰਬਰ, ਨਿਰਜਰਾ, ਧਰਮ ਆਦਿ ਭਾਵਨਾ ਦਾ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਇਸ ਦਾ ਪੰਜਾਬੀ ਅਨੁਵਾਦ ਪਹਿਲੀ ਵਾਰ ਹੋਇਆ ਹੈ। ਗਲਤੀ ਰਹਿਣੀ ਸੁਭਾਵਿਕ ਹੈ। ਹਰ ਗਲਤੀ ਦੇ ਲਈ ਅਸੀਂ ਖਿਮਾ ਦੇ ਯਾਚਕ ਹਾਂ।

**ਸ਼ੁਭਚਿੰਤਕ**
**ਮਿਤੀ 10 ਨਵੰਬਰ, 2013** **ਪੁਰਸ਼ੋਤਮ ਜੈਨ - ਰਵਿੰਦਰ ਜੈਨ**
**ਮੰਡੀ ਗੋਬਿੰਦਗੜ੍ਹ।** **ਅਨੁਵਾਦਕ**

# ਜੈਨ ਅਚਾਰਿਆ ਕੁੰਦ ਕੁੰਦ ਰਚਿਤ ਪ੍ਰਾਕ੍ਰਿਤ
# ਪ੍ਰਾਚੀਨ ਗ੍ਰੰਥ
# ਬਾਰਸ ਅਣੁਵੇਕੱਖਾ

## (ਬਾਰਾਂ ਅਨੁਪ੍ਰੇਕਸ਼ਾਵਾਂ)

1. ਆਪਣੇ ਪਰਮ ਸ਼ੁਕਲ ਧਿਆਨ ਤੋਂ ਅਨਾਦੀ ਅਨੰਤ (ਜਿਸ ਦਾ ਨਾ ਸ਼ੁਰੂ ਹੋਵੇ, ਨਾ ਖਾਤਮਾ ਹੋਵੇ) ਸੰਸਾਰ ਨੂੰ ਖ਼ਤਮ ਕਰਨ ਵਾਲੇ ਸਾਰੇ ਸਿੱਧਾਂ ਨੂੰ ਅਤੇ 24 ਤੀਰਥੰਕਰਾਂ (ਭਗਵਾਨ ਰਿਸ਼ਵਦੇਵ ਤੋਂ ਭਗਵਾਨ ਮਹਾਵੀਰ ਤੱਕ) ਨੂੰ ਨਮਸਕਾਰ ਕਰਕੇ ਮੈਂ 12 ਭਾਵਨਾਵਾਂ ਦਾ ਸਰੂਪ ਆਖਦਾ ਹਾਂ।
2. ਅਨਿੱਤਯ, ਅਸ਼ਰਣ, ਏਕੱਤਵ, ਅਨਯੱਤਵ, ਸੰਸਾਰ, ਲੋਕ, ਅਸ਼ੁਚਿੱਤਯ, ਆਸਰਵ, ਸੰਬਰ, ਨਿਰਜਰਾ, ਧਰਮ ਅਤੇ ਬੋਧੀਦੁਰਲਭ ਇਨ੍ਹਾਂ ਬਾਰਾਂ ਭਾਵਨਾਵਾਂ ਦਾ ਚਿੰਤਨਣ (ਧਿਆਨ) ਕਰਨਾ ਚਾਹੀਦਾ ਹੈ।
3. ਦੇਵਤਿਆਂ, ਮਨੁੱਖਾਂ ਅਤੇ ਰਾਜਿਆਂ ਦੇ ਸੁੰਦਰ ਮਹੱਲ, ਰਥ ਵਗੈਰਾ ਹੋਰ ਸਵਾਰੀ ਦੇ ਸਾਧਨ ਸੇਜ਼, ਆਸਣ, ਮਾਤਾ, ਪਿਤਾ, ਰਿਸ਼ਤੇਦਾਰ, ਨੌਕਰ ਆਦਿ ਸਾਰੇ ਅਨਿੱਤਯ ਹਨ, ਭਾਵ ਇਨ੍ਹਾਂ ਵਿੱਚੋਂ ਕੋਈ ਰਹਿਣ ਵਾਲਾ ਨਹੀਂ ਹੈ। ਸਮਾਂ ਬੀਤਣ ’ਤੇ ਸਭ ਵੱਖ ਹੋ ਜਾਣਗੇ।



## (1)
## ਅਨਿੱਤਯ ਭਾਵਨਾ

4. ਜਿਸ ਤਰ੍ਹਾਂ ਅਕਾਸ਼ ਵਿੱਚ ਪ੍ਰਗਟ ਹੋਣ ਵਾਲਾ ਇੰਦਰ ਧਨੁਸ਼ ਥੋੜ੍ਹੀ ਹੀ ਦੇਰ ਵਿਖਾਈ ਦੇ ਕੇ, ਫੇਰ ਵਿਖਾਈ ਨਹੀਂ ਦਿੰਦਾ, ਉਸੇ ਤਰ੍ਹਾਂ ਪੰਜ ਇੰਦਰੀਆਂ ਦਾ ਸਰੂਪ, ਅਰੋਗਤਾ, ਜੀਵਨ, ਬਲ, ਤੇਜ, ਸੁਭਾਗ, ਕਿਸਮਤ ਅਤੇ ਸੁੰਦਰਤਾ ਸਦਾ ਨਹੀਂ ਰਹਿੰਦੀਆਂ। ਇਹ ਚੀਜ਼ਾਂ ਨਾਸ਼ਵਾਨ ਹਨ।
5. ਅਹੰਮਿੰਦਰਾਂ (ਦੇਵਤਿਆਂ ਦੇ ਇੰਦਰ) ਦੀਆਂ ਪਦਵੀਆਂ ਅਤੇ ਬਲਦੇਵ, ਨਰਾਇਣ, ਚੱਕਰਵਰਤੀ (ਇਹ ਸਭ ਸ਼ਕਤੀਸ਼ਾਲੀ ਰਾਜੇ ਹਨ) ਆਦਿ ਦੀਆਂ ਅਵਸਥਾਵਾਂ ਪਾਣੀ ਦੇ ਬੁਲਬੁਲੇ ਦੇ ਸਮਾਨ, ਇੰਦਰ ਧਨੁਸ਼ ਦੀ ਸ਼ੋਭਾ ਦੇ ਸਮਾਨ, ਬਿਜਲੀ ਦੀ ਚਮਕ ਦੇ ਸਮਾਨ ਅਤੇ ਬੱਦਲਾਂ ਵਿੱਚ ਰੰਗ-ਬਿਰੰਗੀ ਸ਼ੋਭਾ ਦੇ ਸਮਾਨ ਸਥਿਰ ਨਹੀਂ ਹਨ। ਭਾਵ ਥੋੜ੍ਹੇ ਹੀ ਸਮੇਂ ਵਿੱਚ ਨਸ਼ਟ ਹੋ ਜਾਣ ਵਾਲੀਆਂ ਹਨ।
6. ਜਦ ਜੀਵ ਨਾਲ ਸਬੰਧ ਰੱਖਣ ਵਾਲੇ ਸਰੀਰ ਹੀ ਦੁੱਧ ਵਿੱਚ ਮਿਲੇ ਪਾਣੀ ਦੀ ਤਰ੍ਹਾਂ ਛੇਤੀ ਨਸ਼ਟ ਹੋ ਜਾਂਦਾ ਹੈ, ਤਾਂ ਭੋਗ ਅਤੇ ਉਪਭੋਗ ਦੇ ਕਾਰਨ

ਦੂਸਰੇ ਪਦਾਰਥ ਕਿਸ ਤਰ੍ਹਾਂ ਨਿੱਤ ਹੋ ਸਕਦੇ ਹਨ ? ਭਾਵ ਇਹ ਹੈ ਕਿ ਪਾਣੀ ਵਿੱਚ ਦੁੱਧ ਦੀ ਤਰ੍ਹਾਂ ਜੀਵ ਅਤੇ ਸਰੀਰ ਕਿਸ ਤਰ੍ਹਾਂ ਇੱਕ-ਮਿੱਕ ਹੋ ਗਏ ਹਨ ਕਿ ਵੱਖ ਵਿਖਾਈ ਨਹੀਂ ਦਿੰਦੇ। ਪਰ ਇੰਨੀ ਗਹਿਰਾਈ ਵਿੱਚ ਮਿਲੇ ਹੋਏ ਦੋਵੇਂ ਪਦਾਰਥ ਮੌਤ ਆਉਣ ਸਮੇਂ ਵੱਖ ਵੱਖ ਹੋ ਜਾਂਦੇ ਹਨ ਤਾਂ ਸਰੀਰ ਦੇ ਭੋਗ, ਉਪਭੋਗ ਦੇ ਪਦਾਰਥ ਜੋ ਸਰੀਰ ਦੇ ਵੱਖ ਹੋਣ ਸਮੇਂ ਪ੍ਰਤੱਖ ਹੀ ਜੁਦਾ ਅਤੇ ਦੂਰ ਹਨ। ਹਮੇਸ਼ਾ ਨਹੀਂ ਰਹਿ ਸਕਦੇ

7. ਸ਼ੁੱਧ ਨਿਸ਼ਚੈ ਨਯ ਤੋਂ (ਅਸਲੀਅਤ ਵਿੱਚ) ਆਤਮਾ ਦਾ ਸਰੂਪ ਹਮੇਸ਼ਾ ਇਸ ਤਰ੍ਹਾਂ ਚਿੰਤਣ ਕਰਨਾ ਚਾਹੀਦਾ ਹੈ ਕਿ ਇਹ ਦੇਵ, ਅਸੁਰ, ਮਨੁੱਖ ਅਤੇ ਰਾਜਾ ਆਦਿ ਦੇ ਵਿਕਲਪਾਂ ਤੋਂ ਰਹਿਤ ਹੈ। ਭਾਵ ਦੇਵ ਆਦਿ ਦਾ ਭੇਦ ਨਹੀਂ ਹੈ। ਗਿਆਨ ਸਰੂਪੀ ਆਤਮਾ ਹੈ ਅਤੇ ਸਥਿਰ ਰਹਿਣ ਵਾਲਾ ਹੈ।



## (2)
## ਅਸ਼ਰਣ ਭਾਵਨਾ

8. ਮਰਦੇ ਸਮੇਂ ਮਨੁੱਖ ਨੂੰ ਤਿੰਨ ਲੋਕਾਂ ਵਿੱਚ ਮਨੀ, ਮੰਤਰ, ਦਵਾਈ, ਰੱਖਿਅਕ, ਘੋੜਾ, ਹਾਥੀ, ਰਥ ਆਦਿ ਜਿੰਨੀਆਂ ਵਿੱਦਿਆਵਾਂ ਹਨ, ਕੋਈ ਵੀ ਸ਼ਰਣ ਨਹੀਂ ਦੇ ਸਕਦੀਆਂ। ਭਾਵ ਉਸ ਨੂੰ ਕੋਈ ਵੀ ਮਰਨ ਤੋਂ ਬਚਾਅ ਨਹੀਂ ਸਕਦੀਆਂ।

9. ਜਿਸ ਇੰਦਰ ਦਾ ਸਵਰਗ ਕਿਲਾ ਹੈ, ਦੇਵਤੇ ਨੌਕਰ ਚਾਕਰ ਹਨ, ਬਜ੍ਰ ਹਥਿਆਰ ਹੈ ਅਤੇ ਐਰਾਵਤ ਹਾਥੀ ਹੈ, ਉਸ ਨੂੰ ਵੀ ਕੋਈ ਸ਼ਰਣ ਨਹੀਂ ਹੈ। ਭਾਵ ਰੱਖਿਆ ਕਰਨ ਵਾਲੀਆਂ ਅਜਿਹੀ ਸ੍ਰੇਸ਼ਠ ਸਮੱਗਰੀਆਂ ਦੇ ਹੁੰਦੇ ਵੀ ਉਸ ਨੂੰ ਕੋਈ ਨਹੀਂ ਬਚਾ ਸਕਦਾ। ਪਰ ਹੇ ਦੀਨ (ਗਰੀਬ) ਪੁਰਸ਼ ! ਤੈਨੂੰ ਕੌਣ ਬਚਾਏਗਾ ?

10. ਹੇ ਲੋਕੋ ! ਇਸ ਤਰ੍ਹਾਂ ਕਾਲ ਦੇ ਆਉਣ ’ਤੇ 9 ਨਿੱਧੀਆਂ, 14 ਰਤਨ, ਘੋੜਾ, ਮਸਤ ਹਾਥੀ, ਚਾਰ ਪ੍ਰਕਾਰ ਦੀ ਸੈਨਾ (ਪੈਦਲ, ਰੱਥ, ਘੋੜੇ ਤੇ ਹਾਥੀ ’ਤੇ ਸਵਾਰ ਸੈਨਾ) ਆਦਿ ਰੱਖਿਆ ਕਰਨ ਵਾਲੀ ਸਮੱਗਰੀ, ਚੱਕਰਵਰਤੀ ਨੂੰ ਸ਼ਰਣ ਨਹੀਂ ਦਿੰਦੀ।

ਭਾਵ ਜਦ ਮੌਤ ਆਉਂਦੀ ਹੈ ਤਾਂ ਚੱਕਰਵਰਤੀ ਨੂੰ ਵੀ ਜਾਣਾ ਪੈਂਦਾ ਹੈ। ਉਸ ਦਾ ਵਿਸ਼ਾਲ ਸੰਪਤੀ ਉਸ ਨੂੰ ਬਚਾਅ ਨਹੀਂ ਸਕਦੀ।

11 ਜਨਮ, ਬੁਢਾਪਾ, ਮੌਤ, ਰੋਗ ਅਤੇ ਭੈਅ ਆਦਿ ਤੋਂ ਆਤਮਾ ਆਪਣੀ ਰੱਖਿਆ ਕਰਦਾ ਹੈ। ਇਸ ਲਈ ਅਸਲ ਵਿੱਚ ਜੋ ਕਰਮਾਂ ਦਾ ਬੰਧ, ਉਦੈ ਅਤੇ ਸੱਤਾ ਅਵਸਥਾ ਤੋਂ ਜੁਦਾ ਹੈ। ਉਹ ਆਤਮਾ ਹੀ ਸੰਸਾਰ ਵਿੱਚ ਸ਼ਰਣਯੋਗ ਹੈ ਭਾਵ ਸੰਸਾਰ ਵਿੱਚ ਆਪਣੀ ਆਤਮਾ ਤੋਂ ਸਿਵਾਏ ਹੋਰ ਕੋਈ ਰੱਖਿਆ ਕਰਨ ਵਾਲਾ ਨਹੀਂ ਹੈ। ਇਹ ਖੁਦ ਹੀ ਕਰਮਾਂ ਨੂੰ ਖ਼ਤਮ ਕਰਕੇ ਜਨਮ, ਬੁਢਾਪਾ, ਮੌਤ ਆਦਿ ਦੇ ਕਸ਼ਟਾਂ ਤੋਂ ਬਚ ਸਕਦੀ ਹੈ।

12. ਅਰਿਹੰਤ, ਸਿੱਧ, ਅਚਾਰਿਆ, ਉਪਾਧਿਆਏ, ਸਾਧੂ ਇਹ ਪੰਜ ਪ੍ਰਮੇਸ਼ਟੀ ਇਸ ਆਤਮਾ ਦੇ ਹੀ ਪਰਿਣਾਮ ਹਨ ਭਾਵ ਅਰਿਹੰਤ ਆਦਿ ਅਵਸਥਾਵਾਂ ਆਤਮਾ ਦੀਆਂ ਹੀ ਹਨ। ਆਤਮਾ ਹੀ ਤਪ ਆਦਿ ਕਰਕੇ ਇਨ੍ਹਾਂ ਪਦਵੀਆਂ ਨੂੰ ਪ੍ਰਾਪਤ ਕਰਦਾ ਹੈ। ਆਤਮਾ ਹੀ ਮੇਰੀ ਸ਼ਰਣ ਹੈ।

13. ਜਿਸ ਤਰ੍ਹਾਂ ਆਤਮਾ ਵਿੱਚ ਸੱਮਿਅਕ ਦਰਸ਼ਨ, ਸੱਮਿਅਕ ਗਿਆਨ, ਸੱਮਿਅਕ ਚਰਿੱਤ ਅਤੇ ਉੱਤਮ



ਤਪ ਇਹ ਚਾਰ ਅਵਸਥਾਵਾਂ ਵੀ ਹੁੰਦੀਆਂ ਹਨ, ਭਾਵ ਸੱਮਿਅਕ ਦਰਸ਼ਨ ਆਦਿ ਆਤਮਾ ਦੇ ਹੀ ਪਰਿਣਾਮ ਹਨ, ਇਸ ਲਈ ਮੈਨੂੰ ਆਤਮਾ ਦੀ ਹੀ ਸ਼ਰਣ (ਆਸਰਾ) ਹੈ।



## (3)

## ਏਕਤਵ ਭਾਵਨਾ

14. ਇਹ ਆਤਮਾ ਇਕੱਲਾ ਹੀ ਸ਼ੁਭ-ਅਸ਼ੁਭ ਕਰਮ ਬੰਨ੍ਹਦਾ ਹੈ, ਇਕੱਲਾ ਹੀ ਅਨਾਦਿ ਸੰਸਾਰ ਵਿੱਚ ਭਰਮਣ ਕਰਦਾ ਹੈ, ਇਕੱਲਾ ਹੀ ਪੈਦਾ ਹੁੰਦਾ ਹੈ। ਇਕੱਲਾ ਹੀ ਮਰਦਾ ਹੈ ਅਤੇ ਇਕੱਲਾ ਹੀ ਆਪਣੇ ਕਰਮਾਂ ਦਾ ਫਲ ਭੋਗਦਾ ਹੈ, ਉਸ ਦਾ ਕੋਈ ਦੁੱਖ ਸਾਥੀ ਨਹੀਂ ਹੁੰਦਾ।

15. ਇਹ ਜੀਵ ਪੰਜ ਇੰਦਰੀਆ ਦੇ ਵਿਸ਼ਿਆਂ ਦੇ ਵੱਸ ਤੇਜ, ਲੋਭ ਤੋਂ ਇਕੱਲਾ ਹੀ ਪਾਪ ਕਰਦਾ ਹੈ ਅਤੇ ਨਰਕ ਅਤੇ ਪਸ਼ੂ ਗਤੀ ਵਿੱਚ ਇਕੱਲਾ ਹੀ ਨਰਕ ਭੋਗਦਾ ਹੈ। ਭਾਵ ਉਸ ਦੇ ਦੁੱਖਾਂ ਦਾ ਛੁਟਕਾਰਾ ਕੋਈ ਨਹੀਂ ਕਰ ਸਕਦਾ।

16. ਅਤੇ ਇਹ ਜੀਵ ਧਰਮ, ਦੇ ਕਾਰਨ ਰੂਪ ਪਾਤਰ (ਯੋਗ) ਦਾਨ ਤੋਂ ਇਕੱਲਾ ਹੀ ਪੁੰਨ ਕਰਦਾ ਹੈ ਅਤੇ ਮਨੁੱਖ ਅਤੇ ਦੇਵ ਗਤੀ ਵਿੱਚ ਇਕੱਲਾ ਹੀ ਉਸ ਦਾ ਫਲ ਭੋਗਦਾ ਹੈ।

17. ਜੋ ਸੱਮਿਅਕਤਵ ਗੁਣ ਵਾਲੇ ਮੁਨੀ ਹਨ, ਉਨ੍ਹਾਂ ਨੂੰ ਉੱਤਮ ਪਾਤਰ ਕਿਹਾ ਗਿਆ ਹੈ ਅਤੇ ਜੋ ਸੱਮਿਅਕ



ਦ੍ਰਿਸ਼ਟੀ (ਉਪਾਸਕ) ਹਨ, ਉਨ੍ਹਾਂ ਨੂੰ ਮੱਧਿਅਮ ਪਾਤਰ ਸਮਝਣਾ ਚਾਹੀਦਾ ਹੈ।

18. ਜਿਨ ਪ੍ਰਮਾਤਮਾ ਨੇ ਆਪਣੇ ਮੱਤ ਵਿੱਚ ਵਰਤ ਰਹਿਤ ਸੱਮਿਅਕ ਦ੍ਰਿਸ਼ਟੀ ਨੂੰ ਜਘੰਨਯ (ਨੀਚ) ਪਾਤਰ ਕਿਹਾ ਗਿਆ ਹੈ ਅਤੇ ਸੱਮਿਅਕਤਵ ਰੂਪੀ ਰਤਨ ਤੋਂ ਰਹਿਤ ਜੀਵ ਨੂੰ ਅਪਾਤਰ (ਅਯੋਗ) ਮੰਨਿਆ ਗਿਆ ਹੈ। ਇਸ ਤਰ੍ਹਾਂ ਪਾਤਰ ਅਤੇ ਅਪਾਤਰਾਂ ਦੀ ਪ੍ਰੀਖਿਆ ਕਰਨੀ ਚਾਹੀਦੀ ਹੈ।

19. ਜੋ ਸੱਮਿਅਕ ਦਰਸ਼ਨ ਤੋਂ ਭ੍ਰਿਸ਼ਟ ਹਨ, ਉਹ ਅਸਲ ਵਿੱਚ ਭ੍ਰਿਸ਼ਟ ਹਨ। ਕਿਉਂਕਿ ਦਰਸ਼ਨ ਭ੍ਰਿਸ਼ਟ ਮਨੁੱਖਾਂ ਨੂੰ ਮੋਕਸ਼ ਦੀ ਪ੍ਰਾਪਤੀ ਨਹੀਂ ਹੁੰਦੀ। ਜੋ ਚਰਿੱਤਰ (ਸਾਧੂ ਜਾਂ ਉਪਾਸਕ ਦੇ ਵਰਤ) ਤੋਂ ਭ੍ਰਿਸ਼ਟ ਹਨ, ਉਹ ਤਾਂ ਸਿੱਧ ਹੋ ਜਾਂਦੇ ਹਨ, ਪਰੰਤੂ ਜੋ ਦਰਸ਼ਨ ਤੋਂ ਭ੍ਰਿਸ਼ਟ ਹਨ, ਉਹ ਕਦੇ ਵੀ ਸਿੱਧ ਨਹੀਂ ਹੁੰਦੇ। ਭਾਵ ਇਹ ਹੈ ਕਿ ਜੋ ਸੱਮਿਅਕ ਦ੍ਰਿਸ਼ਟੀ ਪੁਰਸ਼ ਚਰਿੱਤਰ ਤੋਂ ਰਹਿਤ ਹਨ, ਉਹ ਤਾਂ ਆਪਣੇ ਸੱਮਿਅਕਤਵ ਦੇ ਪ੍ਰਭਾਵ ਨਾਲ ਕਦੇ ਨਾ ਕਦੇ ਉੱਤਮ ਚਰਿੱਤਰ ਨੂੰ ਧਾਰਨ ਕਰਕੇ ਮੁਕਤ ਹੋ ਜਾਣਗੇ ਪਰ ਜੋ ਸੱਮਿਅਕਤਵ ਤੋਂ ਰਹਿਤ ਹਨ, ਭਾਵ ਜਿਨ੍ਹਾਂ ਨੂੰ ਕਦੇ ਸੱਮਿਅਕਤਵ ਨਹੀਂ ਹੋਇਆ

ਅਤੇ ਨਾ ਹੀ ਹੋਵੇਗਾ ਉਹ ਚਾਹੇ ਕਿੰਨਾ ਹੀ ਚਰਿੱਤਰ (ਸਾਧੂ ਦੇ ਵਰਤ) ਪਾਲ ਲੈਣ ਉਹ ਕਦੇ ਵੀ ਸਿੱਧ ਨਹੀਂ ਹੋਣਗੇ, ਸੰਸਾਰ ਵਿੱਚ ਰੁਲਦੇ ਰਹਿਣਗੇ।

20. ਮੈਂ ਇਕੱਲਾ ਹਾਂ, ਮਮਤਾ ਰਹਿਤ ਹਾਂ, ਸ਼ੁੱਧ ਹਾਂ ਅਤੇ ਗਿਆਨ, ਦਰਸ਼ਨ ਸਰੂਪ ਵਾਲਾ ਹਾਂ। ਇਸ ਲਈ ਸ਼ੁੱਧ ਇਕੱਲਾਪਣ ਹੀ ਗ੍ਰਹਿਣ ਕਰਨ ਯੋਗ ਹੈ। ਅਜਿਹਾ ਲਗਾਤਾਰ ਸੋਚਣਾ ਚਾਹੀਦਾ ਹੈ।



## (4)
## ਅਨਿਤਯਤਵ ਭਾਵਨਾ

21. ਮਾਤਾ, ਪਿਤਾ, ਭਾਈ, ਪੁੱਤਰ, ਇਸਤਰੀ ਆਦਿ ਰਿਸ਼ਤੇਦਾਰਾਂ ਦਾ ਸਮੂਹ ਆਪਣਾ ਮਤਲਬ (ਸਵਾਰਥ) ਦਾ ਸਬੰਧ ਰੱਖਦਾ ਹੈ ਪਰ ਅਸਲ ਵਿੱਚ ਜੀਵ ਦਾ ਇਨ੍ਹਾਂ ਦੇ ਨਾਲ ਕੋਈ ਸੰਬੰਧ ਨਹੀਂ ਹੈ। ਭਾਵ ਇਹ ਸਾਰੇ ਜੀਵ ਤੋਂ ਜੁਦਾ ਹਨ।

22. ਇਹ ਜੀਵ ਸੰਸਾਰ ਰੂਪੀ ਮਹਾਂ-ਸਮੁੰਦਰਾਂ ਵਿੱਚ ਡੁੱਬੇ ਹੋਏ ਆਪਣੀ ਆਤਮਾ ਦੀ ਚਿੰਤਾ ਨਹੀਂ ਕਰਦੇ ਹਨ ਪਰ ''ਇਹ ਮੇਰਾ ਹੈ, ਮੈਂ ਇਸ ਦਾ ਮਾਲਕ ਹਾਂ, ਇਸ ਪ੍ਰਕਾਰ ਮੰਨਦੇ ਹੋਏ ਇੱਕ ਦੂਸਰੇ ਦੀ ਚਿੰਤਾ ਕਰਦੇ ਹਨ।''

23. ''ਸਰੀਰ ਆਦਿ ਜੋ ਬਾਹਰੀ ਦ੍ਰਵ (ਅਵਸਥਾਵਾਂ) ਹਨ, ਉਹ ਸਭ ਮੇਰੇ ਤੋਂ ਵੱਖ ਹਨ, ਅਤੇ ਮੇਰੀ ਆਤਮਾ ਗਿਆਨ, ਦਰਸ਼ਨ ਸਰੂਪੀ ਹੈ। ਇਸ ਤਰ੍ਹਾਂ ਅਨਿਤਯਤਵ ਭਾਵਨਾ ਦਾ ਤੁਸੀਂ ਚਿੰਤਨ ਕਰੋ।''

24. ਇਹ ਜੀਵ ਜਿਨ ਮਾਰਗ ਵੱਲ ਧਿਆਨ ਨਹੀਂ ਦਿੰਦਾ। ਇਸ ਲਈ ਜਨਮ, ਬੁਢਾਪਾ, ਮਰਨ, ਰੋਗ ਅਤੇ ਡਰ ਨਾਲ ਭਰੇ ਹੋਏ ਪੰਜ ਪ੍ਰਕਾਰ ਦੇ ਸੰਸਾਰ ਵਿੱਚ ਅਨਾਦਿ ਕਾਲ ਤੋਂ ਭਟਕ ਰਿਹਾ ਹੈ।

# (5)

## ਸੰਸਾਰ ਭਾਵਨਾ

25. ਇਸ ਪੁਦਗਲ ਪਰਿਵਰਤਨ (ਅਚੇਤਨ) ਰੂਪੀ ਸੰਸਾਰ ਵਿੱਚ ਇਕ ਹੀ ਜੀਵ ਸੰਪੂਰਨ ਪੁਦਗਲ ਵਰਗਨਾਵਾਂ ਨੂੰ ਅਨੇਕਾਂ ਅਨੇਕਾਂ ਵਾਰ ਭੋਗਦਾ ਹੈ ਅਤੇ ਛੱਡ ਦਿੰਦਾ ਹੈ। ਭਾਵ ਕੋਈ ਜੀਵ ਜਦ ਅਨੰਤਾਂ ਅਨੰਤ ਪੁਦਗਲਾਂ ਨੂੰ ਅਨੰਤ ਵਾਰ ਗ੍ਰਹਿਣ ਕਰਕੇ ਛੱਡਦਾ ਹੈ ਤਦ ਉਸ ਦਾ ਇੱਕ ਦ੍ਰਵ ਪਰਿਵਰਤਨ ਹੁੰਦਾ ਹੈ। ਇਸ ਜੀਵ ਨੇ ਅਨੇਕਾਂ ਦ੍ਰਵ ਪਰਿਵਰਤਨ ਕੀਤੇ ਹਨ।

26. ਖੇਤਰ ਪਰਿਵਰਤਨ ਰੂਪੀ ਸੰਸਾਰ ਵਿੱਚ ਅਨੇਕਾਂ ਬਾਰ ਭ੍ਰਮਣ ਕਰਦਾ ਹੋਇਆ ਜੀਵ ਤਿੰਨਾਂ ਲੋਕਾਂ ਦੇ ਸਾਰੇ ਖੇਤਰ ਵਿੱਚ ਕੋਈ ਅਜਿਹਾ ਸਥਾਨ ਨਹੀਂ ਜਿੱਥੇ ਉਹ ਸਿਲਸਿਲੇਵਾਰ ਆਪਣੇ ਕੱਦ ਅਤੇ ਪਰਿਣਾਮਾਂ ਨੂੰ ਲੈ ਕੇ ਉਤਪੰਨ ਨਾ ਹੋਇਆ ਹੋਵੇ ਭਾਵ ਲੋਕਾਅਕਾਸ਼ ਦੇ ਜਿੰਨੇ ਪ੍ਰਦੇਸ਼ ਹਨ ਉਨ੍ਹਾਂ ਸਾਰੇ ਪ੍ਰਦੇਸ਼ਾਂ ਵਿੱਚ ਕ੍ਰਮ ਤੋਂ ਉਤਪੰਨ ਹੋਣ ਨਾਲ ਅਤੇ ਛੋਟੇ ਤੋਂ ਛੋਟੇ ਸਰੀਰ ਦੇ ਪ੍ਰਦੇਸ਼ਾਂ ਨੂੰ ਲੈ ਕੇ ਵੱਡੇ ਤੋਂ ਵੱਡੇ ਸਰੀਰ ਦੇ ਪ੍ਰਦੇਸ਼ਾਂ ਦਾ ਕ੍ਰਮ ਪੂਰਾ ਕਰਨ ਨੂੰ ਖੇਤਰ ਪਰਿਵਰਤਨ ਆਖਦੇ ਹਨ।



27. ਕਾਲ ਪਰਿਵਰਤਨ ਰੂਪੀ ਸੰਸਾਰ ਵਿੱਚ ਭ੍ਰਮਣ ਕਰਦਾ ਜੀਵ ਉਤਸਰਪਣੀ - ਅਵਸਰਪਣੀ ਕਾਲ (ਜੈਨ ਮਾਨਤਾ ਅਨੁਸਾਰ ਭੇਦ) ਦੇ ਸਾਰੇ ਸਮੇਂ ਅਤੇ ਅਹਵਲਿਕਾ (ਜੈਨ ਗਣਿਤ ਅਨੁਸਾਰ) ਵਿੱਚ ਅਨੇਕਾਂ ਵਾਰ ਜਨਮ ਧਾਰਨ ਕਰਦਾ ਹੈ ਅਤੇ ਮਰਦਾ ਹੈ ਭਾਵ ਉਤਸਰਪਣੀ ਅਤੇ ਅਵਸਰਪਣੀ ਕਾਲ ਦੇ ਜਿੰਨੇ ਸਮੇਂ ਹੁੰਦੇ ਹਨ ਉਨ੍ਹਾਂ ਸਾਰੇ ਸਮੇਂ ਵਿੱਚ ਕ੍ਰਮ ਨਾਲ ਜਨਮ ਲੈ ਕੇ ਅਤੇ ਮਰਨ ਨੂੰ ਕਾਲ ਪਰਿਵਰਤਣ ਆਖਦੇ ਹਨ।

28. ਮਿੱਥਿਆਤਵ ਵਾਲੇ ਜੀਵਨ ਨੇ ਨਰਕ ਦੀ ਛੋਟੀ ਤੋਂ ਛੋਟੀ ਉਮਰ ਤੋਂ ਲੈ ਕੇ ਉੱਪਰ ਵਾਲੇ ਗਰੈਵਿਕ ਵਿਮਾਨਾਂ ਤੱਕ ਦੀ ਉਮਰ ਕ੍ਰਮ ਤੋਂ ਲੈ ਕੇ ਅਨੇਕਾਂ ਵਾਰ ਭਰਮਣ ਕੀਤਾ ਹੈ ਭਾਵ ਨਰਕ ਦੀ ਘੱਟ ਤੋਂ ਘੱਟ ਉਮਰ ਤੋਂ ਲੈ ਕੇ ਗਰੈਵਿਕ ਵਿਮਾਨ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ ਦੇ ਜਿੰਨੇ ਭੇਦ ਹਨ, ਉਨ੍ਹਾਂ ਸਭ ਦਾ ਕ੍ਰਮ ਨਾਲ ਭੋਗਣਾ ਭਵ ਪਰਿਵਤਣ ਅਖਵਾਉਂਦਾ ਹੈ।

29. ਜਿਸ ਜੀਵ ਨੇ ਮਿੱਥਿਆਤਵ ਦੇ ਵੱਸ ਪੈ ਕੇ ਪ੍ਰਕਿਰਤੀ, ਸਥਿਤੀ, ਅਨੁਭਾਗ ਅਤੇ ਪ੍ਰਦੇਸ਼ ਬੰਧ ਦੇ ਕਾਰਨ ਭੂਤ ਜਿੰਨੇ ਪ੍ਰਕਾਰ ਦੇ ਪਰਿਣਾਮ ਤੇ ਭਾਵ

ਹਨ, ਉਨ੍ਹਾਂ ਸਭ ਨੂੰ ਅਨੁਭਵ ਕਰਦੇ ਹੋਏ ਭਾਵ ਪਰਿਵਰਤਣ ਰੂਪ ਸੰਸਾਰ ਵਿੱਚ ਅਨੇਕਾਂ ਵਾਰ ਭ੍ਰਮਣ ਕੀਤਾ ਹੈ ਭਾਵ ਕਰਮ ਬੰਧਣ ਦੇ ਕਰਨ ਵਾਲੇ ਜਿੰਨੇ ਭਾਵ ਹੁੰਦੇ ਹਨ ਉਨ੍ਹਾਂ ਸਭ ਨੂੰ ਕ੍ਰਮ ਤੋਂ ਅਨੁਭਵ ਕਰਨਾ ਭਵ ਪਰਿਵਰਤਣ ਅਖਵਾਉਂਦਾ ਹੈ।

30. ਜੋ ਜੀਵ ਇਸਤਰੀ, ਪੁੱਤਰ ਦੇ ਲਈ ਭਿੰਨ-ਭਿੰਨ ਪ੍ਰਕਾਰ ਦੀਆਂ ਪਾਪ ਬੁੱਧੀਆਂ ਨਾਲ ਧਨ ਕਮਾਉਂਦਾ ਹੈ ਅਤੇ ਦਿਆ, ਦਾਨ ਛੱਡ ਦਿੰਦਾ ਹੈ, ਉਹ ਸੰਸਾਰ ਵਿੱਚ ਭਟਕਦਾ ਹੈ।

31. ਇਹ ਮੇਰਾ ਪੁੱਤਰ ਹੈ, ਇਹ ਮੇਰੀ ਇਸਤਰੀ ਹੈ, ਇਹ ਮੇਰਾ ਧਨ ਅਨਾਜ ਹੈ, ਇਸ ਪ੍ਰਕਾਰ ਦੀ ਗੂੜ੍ਹੀ ਲਾਲਸਾ ਨਾਲ ਜੀਵ ਧਰਮ ਬੁੱਧੀ ਨੂੰ ਛੱਡ ਦਿੰਦਾ ਹੈ ਅਤੇ ਇਸੇ ਕਾਰਨ ਫਿਰ ਸਭ ਪਾਸਿਓਂ ਅਨਾਦਿ ਸੰਸਾਰ ਵਿੱਚ ਭਟਕਦਾ ਰਹਿੰਦਾ ਹੈ।

32. ਮਿੱਥਿਆਤਵ ਕਰਮ ਦੇ ਉਦੈ ਨਾਲ ਜੀਵ ਜਿਨ ਪ੍ਰਮਾਤਮਾ ਦੇ ਆਖੇ ਹੋਏ ਧਰਮ ਦੀ ਨਿੰਦਾ ਕਰਦਾ ਹੈ ਅਤੇ ਬੁਰੇ ਧਰਮਾਂ, ਪਾਖੰਡੀ ਗੁਰੂਆਂ ਅਤੇ ਝੂਠੇ ਸ਼ਾਸਤਰਾਂ ਨੂੰ ਪੂਜਨੀਕ ਮੰਨਦਾ ਹੋਇਆ ਸੰਸਾਰ ਵਿੱਚ ਭਟਕਦਾ ਹੈ।



33. ''ਇਹ ਪ੍ਰਾਣੀ ਜੀਵਾਂ ਦੇ ਸਮੂਹ ਨੂੰ ਮਾਰ ਕੇ ਸ਼ਹਿਦ ਅਤੇ ਮਾਸ ਦਾ ਸੇਵਨ ਕਰਕੇ ਸ਼ਰਾਬ ਪੀ ਕੇ, ਪਰਾਇਆ ਧਨ ਅਤੇ ਪਰਾਈ ਇਸਤਰੀ ਨੂੰ ਖੋਹ ਕੇ ਸੰਸਾਰ ਵਿੱਚ ਭਟਕਦਾ ਹੈ।''

34. ਇਹ ਜੀਵ ਮੋਹ ਰੂਪੀ ਹਨ੍ਹੇਰੇ ਵਿੱਚ ਅੰਨ੍ਹਾ ਹੋਇਆ ਰਾਤ ਦਿਨ ਵਿਸ਼ਿਆਂ ਦੇ ਕਾਰਨ ਜੋ ਪਾਪ ਹੁੰਦੇ ਹਨ, ਉਨ੍ਹਾਂ ਨੂੰ ਸਮਝਦਾਰੀ ਨਾਲ ਕਰਦਾ ਰਹਿੰਦਾ ਹੈ ਅਤੇ ਇਸ ਸੰਸਾਰ ਵਿੱਚ ਗਿਰਾਵਟ ਦਾ ਕਾਰਨ ਬਣਦਾ ਹੈ।

35. ਨਿਤਯਨਿਗੋਧ, ਇਤਨਿਗੋਧ ਅਤੇ ਧਾਤੂ ਭਾਵ ਜ਼ਮੀਨ, ਪਾਣੀ, ਅੱਗ ਅਤੇ ਹਵਾ ਦੀ ਸਤੱ ਸੱਤ ਲੱਖ (ਬਿਆਲੀ ਲੱਖ) ਅਤੇ ਬਨਸਪਤੀ ਕਾਇਆ ਦੇ ਦਸ ਲੱਖ, ਵਿਕਲ ਇੰਦਰੀ (ਦੋ ਇੰਦਰੀ, ਤਿੰਨ ਇੰਦਰੀ, ਚਾਰ ਇੰਦਰੀ) ਛੇ ਲੱਖ, ਦੇਵ, ਨਾਰਕੀ ਅਤੇ ਪਸ਼ੂ ਗਤੀ ਦੇ ਚਾਰ ਚਾਰ ਲੱਖ ਅਤੇ ਮਨੁੱਖਾਂ ਦੀਆਂ ਚੌਦਾਂ ਲੱਖ, ਇਸ ਪ੍ਰਕਾਰ ਸਭ ਮਿਲਾ ਕੇ ਚੌਰਾਸੀ ਲੱਖ ਜੂਨੀਆਂ ਹੁੰਦੀਆਂ ਹਨ।

36. ਸੰਸਾਰ ਵਿੱਚ ਜਿੰਨੇ ਵੀ ਪ੍ਰਾਣੀ ਹਨ ਉਨ੍ਹਾਂ ਸਭ ਦਾ ਮਿਲਣਾ, ਵਿਛੜਨਾ, ਨਫ਼ਾ, ਨੁਕਸਾਨ, ਸੁੱਖ, ਦੁੱਖ ਤੇ ਮਾਣ ਅਤੇ ਅਪਮਾਨ ਲਗਾਤਾਰ ਹੁੰਦੇ ਹਨ।

37. ਭਾਵੇਂ ਇਹ ਜੀਵ ਕਰਮ ਦੇ ਨਮਿੱਤ (ਕਾਰਨ) ਤੋਂ ਸੰਸਾਰ ਰੂਪੀ ਭਿਆਨਕ ਜੰਗਲ ਵਿੱਚ ਭਟਕਦਾ ਰਹਿੰਦਾ ਹੈ ਪਰ ਨਿਸ਼ਚੈ ਨਯ (ਅਸਲੀਅਤ) ਤੋਂ ਇਹ ਰਹਿਤ ਹੈ ਅਤੇ ਇਸ ਲਈ ਇਸ ਦਾ ਭ੍ਰਮਣ ਰੂਪੀ ਸੰਸਾਰ ਨਾਲ ਕੋਈ ਸਬੰਧ ਨਹੀਂ ਹੈ।

38. ਜੋ ਜੀਵ ਸੰਸਾਰ ਤੋਂ ਪਾਰ ਹੋ ਗਏ ਹਨ, ਉਹ ਧਿਆਨ ਕਰਨ ਯੋਗ ਹਨ। ਅਜਿਹਾ ਵਿਚਾਰ ਕਰਨਾ ਚਾਹੀਦਾ ਹੈ ਅਤੇ ਜੋ ਸੰਸਾਰ ਰੂਪੀ ਦੁੱਖਾਂ ਨਾਲ ਘਿਰਿਆ ਹੋਇਆ ਹੈ, ਇਹ ਧਿਆਨ ਯੋਗ ਨਹੀਂ ਹੈ। ਅਜਿਹਾ ਚਿੰਤਨ ਕਰਨਾ ਚਾਹੀਦਾ ਹੈ ਭਾਵ ਪਰਮਾਤਮਾ ਹੀ ਧਿਆਨ ਕਰਨ ਯੋਗ ਹੈ, ਬਾਹਰੀ ਆਤਮਾ ਨਹੀਂ।



## (6)

## ਲੋਕ ਭਾਵਨਾ

39. ਜੀਵ ਛੇ ਪਦਾਰਥਾਂ (ਧਰਮ - ਚੱਲਣ ਦਾ ਕਾਰਨ, ਅਧਰਮ - ਰੁਕਣ ਦਾ ਕਾਰਨ, ਅਕਾਸ਼ - ਸਾਰੇ ਦ੍ਰਵਾਂ ਨੂੰ ਸਹਾਰਾ ਦੇਣ ਵਾਲਾ, ਪੁਦਗਲ - ਪਦਾਰਥ, ਜੀਵ) ਦਾ ਜੋ ਸਮੂਹ ਹੈ, ਉਸ ਨੂੰ ਲੋਕ ਆਖਦੇ ਹਨ ਅਤੇ ਉਹ ਅਧੋ-ਲੋਕ, ਮੱਧ-ਲੋਕ, ਊਰਧਵ-ਲੋਕ ਦੇ ਭੇਦਾਂ ਨਾਲ ਤਿੰਨ ਪ੍ਰਕਾਰ ਦਾ ਹੈ।

40. ਨਰਕ ਅਧੋ-ਲੋਕ ਵਿੱਚ ਹੈ। ਅਸੰਖਿਆਤ ਦੀਪ ਅਤੇ ਸਮੁੰਦਰ ਮਨੁੱਖ ਲੋਕ ਵਿੱਚ ਹਨ ਅਤੇ 63 ਪ੍ਰਕਾਰ ਦੇ ਸਵਰਗ ਅਤੇ ਮੋਕਸ਼ ਊਰਧਵ-ਲੋਕ ਵਿੱਚ ਹੈ।

41. ਸਵਰਗ ਲੋਕ ਵਿੱਚ ਮੌਸਮ, ਚੰਦਰਮਾ, ਬਿਮਲ, ਬਲਗੁ ਵੀਰ ਆਦਿ ਤਰੇਂਹਟ ਵਿਮਾਨ, ਇੰਦਰ ਦੀ ਸੰਘਿਆ (ਨਾਂ) ਨੂੰ ਧਾਰਨ ਕਰਨ ਵਾਲੇ ਹਨ। ਉਨ੍ਹਾਂ ਦਾ ਕ੍ਰਮ ਇਸ ਪ੍ਰਕਾਰ ਹੈ : ਸੁਧਰਮ ਈਸ਼ਾਨ ਸਵਰਗ ਦੇ 31, ਸਨੱਅਤ ਕੁਮਾਰ ਮਹਿੰਦਰ ਦੇ 7, ਬ੍ਰਹਮੋਤਮਰ ਦੇ 4, ਲਾਂਤਕ ਕਪਿਸਟ ਦੇ 2, ਸ਼ੁਕਰ-ਮਹਾਸ਼ੁਕਰ ਦਾ 1, ਸੈਤਾਰ

ਸਹਿਸਤਰਾਰ ਦਾ 1, ਆਨਤ, ਪ੍ਰਾਣਤ, ਆਰਣ ਅਤੇ ਅਚਲਿਤ ਇਨ੍ਹਾਂ ਕਲਪਾਂ ਦੇ 6, ਅਧੋ-ਮੱਧ ਅਤੇ ਊਰਧਵ ਗ੍ਰੇਵਕ ਦੇ 3-3 ਦੇ ਹਿਸਾਬ ਨਾਲ 9, ਅਨੁਦਿਸ਼ ਦਾ 1, ਅਤੇ ਅਨੁੱਤਰ ਦਾ 1 ਸਭ ਮਿਲਾ ਕੇ 63 ਹਨ।

42. ਇਹ ਜੀਵ ਅਸ਼ੁੱਭ ਵਿਚਾਰਾਂ ਤੋਂ ਨਰਕ ਅਤੇ ਪਸ਼ੂ ਗਤੀ ਧਾਰਨ ਕਰਦਾ ਹੈ। ਸ਼ੁੱਭ ਵਿਚਾਰਾਂ ਨਾਲ ਦੇਵਤਾ ਅਤੇ ਮਨੁੱਖ ਦੇ ਸੁੱਖ ਭੋਗਦਾ ਹੈ ਅਤੇ ਸ਼ੁੱਧ ਵਿਚਾਰਾਂ ਨਾਲ ਮੋਕਸ਼ ਪ੍ਰਾਪਤ ਕਰਦਾ ਹੈ। ਇਸ ਪ੍ਰਕਾਰ ਲੋਕ ਭਾਵਨਾ ਦਾ ਚਿੰਤਨ ਕਰਨਾ ਚਾਹੀਦਾ ਹੈ।



## (7)

## ਅਸ਼ੁਚੀ ਭਾਵਨਾ

43. ਹੱਡੀਆਂ ਨਾਲ ਜਕੜੀ ਹੋਈ ਹੈ, ਮਾਂਸ ਨਾਲ ਲਿੱਪੀ ਹੋਈ ਹੈ, ਚਮੜੇ ਨਾਲ ਢਕੀ ਹੋਈ ਹੈ ਅਤੇ ਛੋਟੇ ਛੋਟੇ ਕੀੜਿਆਂ ਨਾਲ ਭਰੀ ਹੋਈ ਹੈ, ਇਸ ਤਰ੍ਹਾਂ ਇਹ ਦੇਹ ਸਦਾ ਹੀ ਗੰਦੀ ਹੈ।

44. ਇਹ ਦੇਹ ਬਦਬੂਦਾਰ ਹੈ, ਡਰਾਉਣੀ ਹੈ, ਮਲ-ਮੂਤਰ ਨਾਲ ਭਰੀ ਹੋਈ ਹੈ, ਜੜ ਹੈ, ਰੰਗ-ਰੂਪ, ਰਸ-ਸਪਰਸ਼ ਵਾਲੀ ਹੈ ਅਤੇ ਮਾੜੇ ਅਤੇ ਵਿਨਾਸ਼ਕਾਰੀ ਸੁਭਾਅ ਵਾਲੀ ਹੈ, ਇਸ ਤਰ੍ਹਾਂ ਵਿਚਾਰ ਕਰਨਾ ਚਾਹੀਦਾ ਹੈ।

45. ਇਹ ਦੇਹ ਰਸ, ਖੂਨ, ਮਾਸ, ਚਰਬੀ ਤੇ ਮੈਹਦਾ ਨਾਲ ਭਰੀ ਹੋਈ ਹੈ। ਮੂਤ, ਪੀਕ ਅਤੇ ਕੀੜਿਆਂ ਦੀ ਇਸ ਵਿੱਚ ਬਹੁਤਾਤ ਹੈ। ਬਦਬੂਦਾਰ ਹੈ, ਅਪਵਿੱਤਰ ਹੈ, ਚਮੜੇ ਨਾਲ ਢਕੀ ਹੋਈ ਹੈ, ਸਥਿਰ ਨਹੀਂ ਹੈ, ਅਚੇਤਨ ਹੈ ਅਤੇ ਅੰਤ ਵਿੱਚ ਨਸ਼ਟ ਹੋ ਜਾਣ ਵਾਲੀ ਹੈ।

46. ਅਸਲ ਵਿੱਚ ਇਹ ਆਤਮਾ ਦੇਹ ਤੋਂ ਜੁਦਾ ਹੈ। ਕਰਮਾਂ ਤੋਂ ਰਹਿਤ ਹੈ, ਅਨੰਤ ਸੁੱਖਾਂ ਦਾ ਘਰ ਹੈ,

ਇਸ ਲਈ ਸ਼ੁੱਧ ਹੈ। ਇਸ ਪ੍ਰਕਾਰ ਲਗਾਤਾਰ ਚਿੰਤਨ ਕਰਨਾ ਚਾਹੀਦਾ ਹੈ।





## (8)

## ਆਸ਼ਰਵ ਭਾਵਨਾ

47. ਮਿੱਥਿਆਤਵ (ਝੂਠੇ ਵਿਸ਼ਵਾਸ) ਅਵਿਰਤੀ (ਹਿੰਸਾ, ਝੂਠ, ਚੋਰੀ, ਕੁਸ਼ੀਲ, ਪਰਿਗ੍ਰਹਿ (ਧਨ ਸੰਪਤੀ ਦਾ ਸੰਗ੍ਰਹਿ), ਕਸ਼ਾਏ (ਕ੍ਰੋਧ, ਅਭਿਮਾਨ, ਮਾਇਆ, ਲੋਭ) ਅਤੇ ਯੋਗ (ਮਨ, ਵਚਨ, ਸਰੀਰ ਦੀ ਪ੍ਰਵਿਰਤੀ), ਰੂਪ, ਪਰਿਣਾਮ, ਆਸ਼ਰਵ ਭਾਵ ਕਰਮਾਂ ਦੇ ਆਉਣ ਦੇ ਦਰਵਾਜੇ ਹਨ ਅਤੇ ਉਹਨਾਂ ਦੇ ਸਿਲਸਿਲੇਵਾਰ ਪੰਜ, ਪੰਜ, ਚਾਰ ਅਤੇ ਤਿੰਨ ਭੇਦ ਜਿਨ ਸ਼ਾਸ਼ਨ (ਜੈਨ ਧਰਮ) ਵਿੱਚ ਆਖੇ ਗਏ ਹਨ। ਭਾਵ ਆਤਮਾ ਦੇ ਮਿੱਥਿਆਤਵ ਸਰੂਪ ਪਰਿਣਾਮਾਂ ਦਾ ਨਾਮ ਆਸ਼ਰਵ ਹੈ।

48. ਮਿੱਥਿਆਤਵ ਦੇ ਏਕਤਾਂ, ਵਿਨੈ, ਵਿਪਰੀਤ, ਸੰਸ਼ਯ (ਸ਼ੱਕ) ਅਤੇ ਅਗਿਆਨ, ਇਹ ਪੰਜ ਭੇਦ ਹਨ। ਅਵਿਰਤੀ ਦੇ (ਹਿੰਸਾ, ਝੂਠ, ਚੋਰੀ, ਕੁਸ਼ੀਲ, ਪਰਿਗ੍ਰਹਿ) ਇਹ ਪੰਜ ਭੇਦ ਹੁੰਦੇ ਹਨ। ਇਸ ਤੋਂ ਘੱਟ ਵੱਧ ਨਹੀਂ ਹੁੰਦੇ।

49. ਅਜਿਹਾ ਜਾਨਣਾ ਚਾਹੀਦਾ ਹੈ ਕਿ ਕ੍ਰੋਧ, ਮਾਣ, ਮਾਇਆ ਅਤੇ ਲੋਭ ਇਹ ਕਸ਼ਾਏ ਦੇ ਚਾਰ ਭੇਦ

ਹਨ ਅਤੇ ਮਨ, ਵਚਨ, ਕਾਇਆ ਦੇ ਇਹ ਤਿੰਨ ਯੋਗ ਦੇ ਭੇਦ ਹਨ।

50. ਮਨ, ਵਚਨ ਅਤੇ ਕਾਇਆ ਦੇ ਇਹ ਅਸ਼ੁਭ ਅਤੇ ਸ਼ੁਭ ਦੇ ਭੇਦ ਦੋ-ਦੋ ਪ੍ਰਕਾਰ ਦੇ ਹਨ। ਇਨ੍ਹਾਂ ਵਿੱਚ ਭੋਜਨ, ਭੈਅ (ਡਰ), ਮੈਥੁਨ (ਇਸਤਰੀ ਸੰਗ) ਅਤੇ ਪਰਿਗ੍ਰਹਿ ਇਹ ਚਾਰ ਪ੍ਰਕਾਰ ਦੀਆਂ ਸੰਘਿਆਵਾਂ (ਇੱਛਾਵਾਂ) ਨੂੰ ਅਸ਼ੁਭ ਮੰਨਣਾ ਚਾਹੀਦਾ ਹੈ। ਭਾਵ ਜਿਸ ਮਨ ਵਿੱਚ ਅਹਾਰ (ਭੋਜਨ) ਆਦਿ ਦੀ ਜ਼ਿਆਦਾ ਭੁੱਖ ਹੋਵੇ ਉਹ ਅਸ਼ੁਭ ਮਨ ਹੁੰਦਾ ਹੈ।

51. ਜਿਸ ਵਿੱਚ ਕ੍ਰਿਸ਼ਨ, ਨੀਲ, ਕਪੋਤ ਇਹ ਤਿੰਨ ਲੇਸ਼ਿਆਵਾਂ (ਮਨ ਦੀ ਅਭੁਸ਼ ਅਵਸਥਾਵਾਂ) ਹੋਣ, ਇੰਦਰੀਆਂ ਸਬੰਧੀ ਸੁੱਖਾਂ ਦੀ ਜਿਸ ਵਿੱਚ ਭੁੱਖ ਹੋਵੇ ਅਤੇ ਈਰਖਾ ਅਤੇ ਦੁੱਖ ਰੂਪੀ ਜਿਸ ਦੇ ਭਾਵ ਰਹਿੰਦੇ ਹੋਣ ਉਸ ਨੂੰ ਸ੍ਰੀ ਜਿਨੇਂਦਰ ਦੇਵ ਨੇ ਅਸ਼ੁਭ ਮਨ ਆਖਿਆ ਹੈ।

52. ਰਾਗ, ਦਵੇਸ਼, ਮੋਹ, ਹਾਸਾ, ਰਤੀ (ਲਗਾਓ) ਅਰਤੀ (ਲਗਾਓ ਰਹਿਤ), ਸੋਗ, ਭੈਅ, ਜੁਗੁਪਸਾ, ਇਸਤਰੀ ਵੇਦ (ਲਿੰਗ), ਪੁਰਸ਼ ਵੇਦ (ਲਿੰਗ) ਅਤੇ ਨਪੁੰਸਕ ਵੇਦ (ਲਿੰਗ), ਨੋਕਸ਼ਾਏਦੇ ਪਰਿਣਾਮ ਵੀ ਚਾਹੇ ਜਿੰਨੇ ਮਰਜੀ ਤੇਜ ਹੋਣ, ਚਾਹੇ ਘੱਟ ਹੋਣ,



ਅਸ਼ੁਭ ਮਨ ਹੈ। ਅਜਿਹਾ ਜਿਨੇਂਦਰ ਦੇਵ ਨੇ ਆਖਿਆ ਹੈ।

53. ਭੋਜਨ ਕਥਾ (ਕਹਾਣੀ), ਇਸਤਰੀ ਕਥਾ, ਰਾਜ ਕਥਾ ਅਤੇ ਚੋਰ ਕਥਾ ਕਰਨ ਨੂੰ ਅਸ਼ੁਭ ਵਚਨ ਮੰਨਣਾ ਚਾਹੀਦਾ ਹੈ ਅਤੇ ਬੰਨਣ, ਛੇਦ ਕਰਨ ਅਤੇ ਮਾਰਨ ਦੀਆਂ ਕਿਰਿਆਵਾਂ ਨੂੰ ਅਸ਼ੁਭ ਕੰਮ ਆਖਦੇ ਹਨ।

54. ਪਹਿਲਾਂ ਆਖੇ ਹੋਏ ਰਾਗ-ਦਵੇਸ਼ ਆਦਿ ਪਰਿਣਾਮਾਂ ਨੂੰ ਅਤੇ ਸਾਰੇ ਧਨ, ਅਨਾਜ ਆਦਿ ਪਰਿਗ੍ਰਹਿਆਂ ਨੂੰ ਛੱਡ ਕੇ ਜੋ ਵ੍ਰਤ (ਪੰਜ ਮਹਾਂ ਵਰਤ) ਸੰਮਤੀ (ਪੰਜ ਸੰਮਤੀਆਂ), ਸ਼ੀਲ ਅਤੇ ਸੰਯਮ ਰੂਪੀ ਪਰਿਣਾਮ ਹੁੰਦੇ ਹਨ, ਉਹਨਾਂ ਨੂੰ ਸ਼ੁਭ ਮਨ ਜਾਨਣਾ ਚਾਹੀਦਾ ਹੈ।

55. ਜਨਮ ਮਰਨ ਸੰਸਾਰ ਦੇ ਨਸ਼ਟ ਕਰਨ ਵਾਲੇ ਵਚਨਾਂ ਨੂੰ ਜਿਨੇਂਦਰ ਭਗਵਾਨ ਨੇ ਸ਼ੁਭ ਆਖਿਆ ਹੈ ਅਤੇ ਜਿਨ ਦੇਵ, ਜਿਨ ਗੁਰੂ ਅਤੇ ਜਿਨ ਸ਼ਾਸਤਰ ਦੀ ਪੂਜਾ ਰੂਪੀ ਕੰਮ ਦੀ ਇੱਛਾ ਨੂੰ ਸ਼ੁਭ ਆਖਿਆ ਹੈ।

56. ਜਿਸ ਦੇ ਭੁੱਖ, ਪਿਆਸ ਆਦਿ ਦੋਸ਼ ਰੂਪੀ ਤਰੰਗਾਂ ਉੱਠਦੀਆਂ ਹਨ ਅਤੇ ਜੋ ਦੋਸ਼ ਰੂਪੀ ਅਨੇਕ

ਮਛਲੀ, ਕੱਛੂ ਆਦਿ ਪਾਣੀ ਦੇ ਜੀਵਾਂ ਨਾਲ ਭਰਿਆ ਹੋਇਆ ਹੈ ਅਜਿਹੇ ਸੰਸਾਰ ਸਮੁੰਦਰ ਵਿੱਚ ਕਰਮਾਂ ਦੇ ਆਸ਼ਰਵ (ਆਉਣ) ਦੇ ਕਾਰਨ ਹੀ ਜੀਵ ਗੋਤੇ ਖਾਂਦਾ ਹੈ ਅਤੇ ਸੰਸਾਰ ਵਿੱਚ ਭਟਕਦਾ ਫਿਰਦਾ ਹੈ।

57. ਜੀਵ ਇਸ ਸੰਸਾਰ ਰੂਪੀ ਮਹਾਨ ਸਮੁੰਦਰ ਵਿੱਚ ਅਗਿਆਨਤਾ ਵਸ਼ ਕਰਮਾਂ ਦਾ ਆਸ਼ਰਵ ਕਰਕੇ ਡੁੱਗਦਾ ਹੈ, ਕਿਉਂਕਿ ਜੋ ਕਿਰਿਆ ਗਿਆਨ ਪੂਰਵਕ ਹੁੰਦੀ ਹੈ, ਉਹੀ ਪਰੰਪਰਾ ਤੋਂ ਮੋਕਸ਼ ਦਾ ਕਾਰਨ ਬਣਦੀ ਹੈ। ਅਗਿਆਨਤਾ ਵਸ਼ ਕੀਤੀ ਕਿਰਿਆ ਨਹੀਂ।

58. ''ਜੀਵ ਆਸ਼ਰਵ (ਪਾਪ-ਪੁੰਨ) ਦੇ ਕਾਰਨ ਸੰਸਾਰ ਸਮੁੰਦਰ ਵਿੱਚ ਛੇਤੀ ਗੋਤੇ ਖਾਂਦਾ ਹੈ। ਇਸ ਲਈ ਜਿਨ੍ਹਾਂ ਕਿਰਿਆਵਾਂ ਤੋਂ ਕਰਮ ਦਾ ਆਗਮਨ ਹੁੰਦਾ ਹੈ, ਉਹ ਮੋਕਸ਼ ਨੂੰ ਲਿਜਾਣ ਵਾਲੀਆਂ ਨਹੀਂ ਹਨ'', ਅਜਿਹਾ ਚਿੰਤਨ ਕਰਨਾ ਚਾਹੀਦਾ ਹੈ।

59. ਕਰਮਾਂ ਦਾ ਆਸ਼ਰਵ ਕਰਨ ਵਾਲੀ ਕਿਰਿਆ ਨਾਲ ਸ਼ੁਰੂ ਤੋਂ ਹੀ ਨਿਰਵਾਣ (ਮੋਕਸ਼) ਨਹੀਂ ਹੋ ਸਕਦਾ। ਇਸ ਲਈ ਸੰਸਾਰ ਵਿੱਚ ਭਟਕਾਉਣ ਵਾਲੇ ਆਸ਼ਰਵ ਨੂੰ ਬੁਰਾ ਸਮਝਿਆ ਜਾਂਦਾ ਹੈ।



60. ਪਹਿਲਾਂ ਜੋ ਮਿੱਥਿਆਤਵ ਅਵਰਤ ਆਦਿ ਆਸ਼ਰਵ ਦੇ ਭੇਦ ਆਖੇ ਗਏ ਹਨ, ਉਹ ਨਿਸ਼ਚੈ ਨਯ ਤੋਂ ਜੀਵ ਦੇ ਨਹੀਂ ਹੁੰਦੇ। ਇਸ ਲਈ ਲਗਾਤਾਰ ਆਤਮਾ ਦਾ ਦ੍ਰਵ (ਆਤਮਾ ਦੀ ਰਾਗ ਆਦਿ ਭਾਵ ਰੂਪੀ ਪ੍ਰਵਿਰਤੀ ਨੂੰ ਭਾਵ ਆਸ਼ਰਵ ਆਖਦੇ ਹਨ ਅਤੇ ਉਸ ਪ੍ਰਵਿਰਤੀ ਤੋਂ ਕਾਰਮਨ ਵਰਗਨਾ, ਪੁਦਗਲ ਸਕੰਦਾਂ ਦੇ ਆਉਣ ਨੂੰ ਦ੍ਰਵ ਆਸ਼ਰਵ ਆਖਦੇ ਹਨ) ਅਤੇ ਭਾਵ ਰੂਪੀ ਦੋਹਾਂ ਪ੍ਰਕਾਰ ਦੇ ਆਸ਼ਰਵਾਂ ਤੋਂ ਰਹਿਤ ਚਿੰਤਨ ਕਰਨਾ ਚਾਹੀਦਾ ਹੈ।

# (9)

## ਆਸ਼ਰਵ ਭਾਵਨਾ

61. ਚੱਲ (ਦੇਵ ਗੁਰੂ ਸ਼ਾਸਤਰ ਵਿੱਚ ਆਪਣੀ ਬੁੱਧੀ ਰੱਖਣ ਨੂੰ ਚੱਲ ਦੋਸ਼ ਆਖਦੇ ਹਨ ਜਿਵੇਂ ਇਹ ਦੇਵ ਮੇਰਾ ਹੈ, ਇਹ ਦੇਵ ਦਾ ਹੈ, ਇਹ ਦੂਜੇ ਦਾ ਦੇਵਤਾ ਹੈ ਅਤੇ ਇਹ ਦੂਜੇ ਦਾ ਮੰਦਿਰ ਹੈ), ਇਸ ਪ੍ਰਕਾਰ ਦੇ ਪਰਿਣਾਮਾਂ ਨੂੰ ਸਮੱਮਿਅਕ ਦਰਸ਼ਨ ਦੇ ਪਰਿਣਾਮਾਂ ਵਿੱਚ ਚੱਲ ਦੋਸ਼ ਆਉਂਦਾ ਹੈ। ਮਲਿਨ (ਸੱਮਿਅਕਤ ਰੂਪੀ ਪਰਿਣਾਮਾਂ ਵਿੱਚ ਸੱਮਿਅਕਤਵ ਰੂਪ ਮੋਹ ਦੀ ਪ੍ਰਾਕਿਰਤੀ ਦੇ ਉਦੈ ਨਾਲ ਜੋ ਗੰਦਗੀ ਆਉਂਦੀ ਹੈ, ਉਸ ਨੂੰ ਮਲ ਦੋਸ਼ ਆਖਦੇ ਹਨ। ਇਹ ਸੋਨੇ ਵਿੱਚ ਲੱਗੀ ਕੁੱਝ ਮੈਲ ਦੀ ਤਰ੍ਹਾਂ ਹੁੰਦਾ ਹੈ)। ਅਗਾੜ੍ਹ (ਸ਼ਰਧਾ ਵਿੱਚ ਕਮੀ ਆਉਣ ਨੂੰ ਅਗਾੜ ਆਖਦੇ ਹਨ ਜਿਵੇਂ ਸਭ ਤੀਰਥੰਕਰਾਂ ਦੇ ਅਨੰਤ ਸ਼ਕਤੀ ਦੇ ਧਾਰਕ ਹੋਣ 'ਤੇ ਵੀ ਸ਼ਾਂਤੀ ਨਾਥ ਨੂੰ ਸ਼ਾਂਤੀ ਕਰਨ ਵਾਲਾ ਅਤੇ ਪਾਰਸ਼ਵ ਨਾਥ ਨੂੰ ਰੱਖਿਆ ਕਰਨ ਵਾਲਾ ਮੰਨਣਾ) ਇਹ ਤਿੰਨ ਦੋਸ਼ਾਂ ਤੋਂ ਰਹਿਤ ਸੱਮਿਅਕਤਵ ਰੂਪੀ ਗਹਿਰੇ ਦਰਵਾਜੇ ਤੋਂ ਮਿੱਥਿਆਤਵ ਰੂਪੀ ਆਸ਼ਰਵ ਦੇ ਦਰਵਾਜੇ ਬੰਦ ਹੋ ਜਾਂਦੇ ਹਨ, ਅਜਿਹਾ ਜਿਨੇਂਦਰ



ਭਗਵਾਨ ਨੇ ਕਿਹਾ ਹੈ। ਭਾਵ ਆਤਮਾ ਦੇ ਸੱਮਿਅਕਤਵ ਪਰਿਣਾਮਾਂ ਤੋਂ ਮਿੱਥਿਆਤਵ ਦਾ ਆਸ਼ਰਵ ਰੁਕ ਕੇ ਮਿੱਥਿਆਤਵ-ਸਤੰਭਨ ਹੁੰਦਾ ਹੈ।

62. ਅਹਿੰਸਾ ਆਦਿ ਪੰਜ ਮਹਾਂਵਰਤ ਪਰਿਣਾਮਾਂ ਦੇ ਨਿਯਮ ਨਾਲ ਹਿੰਸਾ ਆਦਿ ਪੰਜ ਅਵਰਤਾਂ ਦਾ ਆਉਣਾ ਰੁਕ ਜਾਂਦਾ ਹੈ ਅਤੇ ਕ੍ਰੋਧ ਆਦਿ ਕਸ਼ਾਏ ਰਹਿਤ ਪਰਿਣਾਮਾਂ ਤੋਂ ਕ੍ਰੋਧ ਆਦਿ ਆਸ਼ਰਵਾਂ ਦੇ ਦਰਵਾਜੇ ਬੰਦ ਹੋ ਜਾਂਦੇ ਹਨ ਭਾਵ ਪੰਜ ਮਹਾਂਵਰਤਾਂ ਨਾਲ ਪੰਜ ਪਾਪਾਂ ਦਾ ਸਤੰਭਨ (ਰੁਕਣਾ) ਹੁੰਦਾ ਹੈ ਅਤੇ ਕਸ਼ਾਇਆਂ ਦੇ ਰੋਕਣ ਨਾਲ ਕਸ਼ਾਏ ਸਤੰਭਨ ਹੁੰਦਾ ਹੈ।

63. ਮਨ, ਵਚਨ ਕਾਇਆ ਦੀਆਂ ਸ਼ੁਭ ਪ੍ਰਵਿਰਤੀਆਂ ਤੋਂ ਅਸ਼ੁੱਭ ਯੋਗ ਦਾ ਸਤੰਭਨ ਹੁੰਦਾ ਹੈ ਅਤੇ ਕੇਵਲ ਆਤਮਾ ਦੇ ਧਿਆਨ ਰੂਪ ਸ਼ੁੱਧ ਉਪਯੋਗ ਤੋਂ ਸ਼ੁਭ ਯੋਗ ਦਾ ਸਤੰਭਨ ਹੁੰਦਾ ਹੈ।

64. ਇਸ ਤੋਂ ਬਾਅਦ ਸ਼ੁੱਧ ਉਪਯੋਗ ਨਾਲ ਜੀਵ ਨੂੰ ਧਰਮ ਧਿਆਨ ਅਤੇ ਸ਼ੁਕਲ ਧਿਆਨ ਪ੍ਰਾਪਤ ਹੁੰਦੇ ਹਨ। ਇਸ ਲਈ ਸ਼ੰਬਰ ਦਾ ਕਾਰਨ ਧਿਆਨ ਹੈ ਅਜਿਹਾ ਲਗਾਤਾਰ ਸੋਚਣਾ ਚਾਹੀਦਾ ਹੈ। ਭਾਵ ਖਿਮਾ ਆਦਿ ਦਸ ਧਰਮਾਂ ਦਾ ਚਿੰਤਨ ਕਰਨ ਨੂੰ

ਧਰਮ ਧਿਆਨ ਆਖਦੇ ਹਨ ਅਤੇ ਬਾਹਰੀ ਪਰਦ੍ਰਵਾਂ (ਦੂਸਰੇ ਦ੍ਰਵਾਂ) ਦੇ ਮਿਲਾਪ ਤੋਂ ਰਹਿਤ ਕੇਵਲ ਸ਼ੁੱਧ ਆਤਮਾ ਦੇ ਧਿਆਨ ਨੂੰ ਸ਼ੁਕਲ ਧਿਆਨ ਆਖਦੇ ਹਨ। ਇਨ੍ਹਾਂ ਦੋਹਾਂ ਧਿਆਨਾਂ ਤੋਂ ਸੰਬਰ ਹੁੰਦਾ ਹੈ।

65. ਪਰ ਸ਼ੁੱਧ ਨਿਸ਼ਚੈ ਨਯ ਤੋਂ ਅਸਲ ਵਿੱਚ (ਅਸਲੀਅਤ ਵਿੱਚ) ਜੀਵ (ਆਤਮਾ) ਦੇ ਸਤੰਬਨ ਹੀ ਨਹੀਂ ਹੈ। ਇਸ ਲਈ ਸੰਬਰ ਦੇ ਵਿਕਲਪ ਤੋਂ ਰਹਿਤ ਆਤਮਾ ਦਾ ਲਗਾਤਾਰ ਸ਼ੁੱਧ ਭਾਵ ਨਾਲ ਚਿੰਤਨ ਕਰਨਾ ਚਾਹੀਦਾ ਹੈ।





# (10)
# ਨਿਰਜਰਾ ਭਾਵਨਾ

66. ਕਰਮ ਬੰਧਣ ਦੇ ਪੁਦਗਲ ਵਰਗਨਾ ਰੂਪੀ ਪ੍ਰਦੇਸ਼ਾਂ ਦਾ ਜਿਨ੍ਹਾਂ ਦਾ ਕਿ ਆਤਮਾ ਦੇ ਨਾਲ ਸਬੰਧ ਹੋ ਜਾਂਦਾ ਹੈ, ਝੜ ਜਾਣਾ ਹੀ ਨਿਰਜਰਾ ਹੈ। ਅਜਿਹਾ ਜਿਨ ਦੇਵ ਨੇ ਆਖਿਆ ਹੈ ਅਤੇ ਜਿਨ੍ਹਾਂ ਪਰਿਣਾਮਾਂ ਤੋਂ ਸੰਬਰ ਹੁੰਦਾ ਹੈ, ਉਨ੍ਹਾਂ ਤੋਂ ਨਿਰਜਰਾ ਵੀ ਹੁੰਦੀ ਹੈ। ਭਾਵ ਉੱਪਰ ਆਖੇ ਹੋਏ ਸੱਮਿਅਕਤਵ ਆਦਿ ਮਹਾਂਵਰਤ ਆਦਿ ਪਰਿਣਾਮਾਂ ਤੋਂ ਸੰਬਰ ਹੁੰਦਾ ਹੈ, ਉਨ੍ਹਾਂ ਤੋਂ ਨਿਰਜਰਾ ਵੀ ਹੁੰਦੀ ਹੈ, ਆਖਣ ਦਾ ਭਾਵ ਇਹ ਹੈ ਕਿ ਨਿਰਜਰਾ ਦਾ ਮੁੱਖ ਕਾਰਨ ਤਪ ਹੈ।

67. ਉਪਰੋਕਤ ਨਿਰਜਰਾ ਦੋ ਪ੍ਰਕਾਰ ਦੀ ਹੈ। ਜੋ ਆਪਣਾ ਕਾਲ ਪੂਰਾ ਕਰਕੇ ਪੱਕਦੀ ਹੈ, ਭਾਵ ਜਿਸ ਵਿੱਚ ਕਾਰਮਨ ਵਰਗਨਾ ਆਪਣੀ ਸਥਿਤੀ ਨੂੰ ਪੂਰਾ ਕਰਕੇ ਝੜ ਜਾਂਦੀ ਹੈ ਅਤੇ ਦੂਸਰੀ ਉਹ ਜੋ ਤਪ ਕਰਨ ਨਾਲ ਹੁੰਦੀ ਹੈ, ਭਾਵ ਜਿਸ ਵਿੱਚ ਕਰਮ ਵਰਗਨਾ ਆਪਣੀ ਬੰਧ ਦੀ ਸਥਿਤੀ ਤਪ ਦੇ ਰਾਹੀਂ ਵਿੱਚੇ-ਵਿੱਚ ਹੀ ਪੂਰੀ ਕਰਕੇ ਝੜ ਜਾਂਦੀ ਹੈ, ਇਸ ਤੋਂ ਪਹਿਲਾਂ ਥੋੜ੍ਹੇ ਸਮੇਂ ਦੀ ਪੱਕੀ ਜਾਂ ਸਵਿਪਾਕ

ਨਿਰਜਰਾ ਚਾਰਾਂ ਗਤੀਆਂ ਦੇ ਜੀਵਾਂ ਦੀ ਹੁੰਦੀ ਹੈ। ਅਤੇ ਦੂਸਰੀ ਤਪ ਜਾਂ ਅਵਿਪਾਕ ਨਿਰਜਰਾ ਕੇਵਲ ਵਰਤ ਧਾਰੀ ਸ਼੍ਰਾਵਕ ਅਤੇ ਮੁਨੀਆਂ ਦੀ ਹੁੰਦੀ ਹੈ।





## (11)

## ਧਰਮ ਭਾਵਨਾ

68. ਉੱਤਮ ਸੁੱਖ ਭਾਵ ਆਤਮ ਸੁੱਖ ਵਿੱਚ ਲੀਣ ਰਹਿਣ ਵਾਲੇ ਜਿਨੇਂਦਰ ਭਗਵਾਨ ਨੇ ਆਖਿਆ ਹੈ ਕਿ ਸ਼੍ਰਾਵਕਾਂ (ਉਪਾਸਕਾਂ) ਅਤੇ ਮੁਨੀਆਂ ਦਾ ਜੋ ਕਿ ਧਰਮ ਸੱਮਿਅਕਤਵ ਵਾਲਾ ਹੁੰਦਾ ਹੈ, ਸਿਲਸਿਲੇ ਨਾਲ 11 ਪ੍ਰਕਾਰ ਦਾ ਅਤੇ ਮੁਨੀਆਂ ਦਾ 10 ਪ੍ਰਕਾਰ ਦਾ ਹੈ। ਭਾਵ ਸ਼੍ਰਵਾਕ ਧਰਮ 11 ਪ੍ਰਕਾਰ ਦਾ ਹੈ ਅਤੇ ਮੁਨੀਆਂ ਦਾ 10 ਪ੍ਰਕਾਰ ਦਾ ਹੈ।

69. ਦਰਸ਼ਨ, ਵਰਤ, ਸਮਾਇਕ, ਪੋਸ਼ਦਧ ਸਚਿੱਤ ਤਿਆਗ, ਰਾਤਰੀ (ਰਾਤ ਦੇ) ਭੋਜਨ ਦਾ ਤਿਆਗ, ਬ੍ਰਹਮਚਰਜ, ਆਰੰਭ ਤਿਆਗ, ਪਰਿਗ੍ਰਹਿ ਤਿਆਗ, ਅਨੁਮਤੀ ਤਿਆਗ ਅਤੇ ਉਦਿਸ਼ਟ ਤਿਆਗ (ਆਪਣੇ ਲਈ ਬਣਾਏ ਹੋਏ ਭੋਜਨ ਦਾ ਤਿਆਗ) ਇਹ ਗਿਆਰਾਂ ਭੇਦ ਦੇਸ਼ ਵਰਤ ਭਾਵ ਸ਼੍ਰਾਵਕ ਧਰਮ ਦੇ ਹਨ। ਇਹ ਭੇਦ ਸ਼੍ਰਾਵਕ ਦੀ 11ਵੀਂ ਪ੍ਰਤਿਮਾਵਾਂ ਨਾਲ ਪ੍ਰਸਿੱਧ ਹਨ।

70. ਉੱਤਮ ਖਿਮਾ, ਮਾਰਦਵ, ਆਰਜਵ, ਸੱਚ, ਸ਼ੋਚ (ਸ਼ੁੱਧੀ), ਸੰਜਮ, ਤਪ, ਤਿਆਗ (ਅਕਿਚਨਯ), ਚੋਰੀ

ਨਾ ਕਰਨਾ, ਬ੍ਰਹਮਚਰਿਆ ਇਹ 10 ਭੇਦ ਮੁਨੀ ਧਰਮ ਦੇ ਹਨ।

71. ਕ੍ਰੋਧ ਤੋਂ ਉਤਪੰਨ ਹੋਣ ਦੇ ਸਪੱਸ਼ਟ ਬਾਹਰਲੇ ਕਾਰਨ ਮਿਲਣ 'ਤੇ ਜੋ ਥੋੜ੍ਹਾ ਜਿਹਾ ਕ੍ਰੋਧ ਵੀ ਕਰਦਾ ਹੈ, ਉਸ ਵਿੱਚ ਉੱਤਮ ਖਿਮਾ ਧਰਮ ਹੁੰਦਾ ਹੈ।

72. ਜੋ ਗਿਆਨੀ ਮਨੁੱਖ ਕੁਲ, ਰੂਪ, ਜਾਤ, ਬੁੱਧੀ, ਤਪ, ਸ਼ਾਸਤਰ ਅਤੇ ਸ਼ੀਲ ਆਦਿ ਦੇ ਵਿਸ਼ੇ ਵਿੱਚ ਥੋੜ੍ਹਾ ਜਿਹਾ ਵੀ ਘਮੰਡ ਨਹੀਂ ਕਰਦਾ ਉਸ ਨੂੰ ਮਾਰਦਵ ਧਰਮ ਆਖਦੇ ਹਨ।

73 ਜੋ ਗਿਆਨ ਵਾਲਾ ਪ੍ਰਾਣੀ ਮਾੜੇ ਵਿਚਾਰ ਅਤੇ ਧੋਖੇ ਵਾਲੇ ਪਰਿਣਾਮਾਂ ਨੂੰ ਛੱਡ ਕੇ ਸ਼ੁੱਧ ਹਿਰਦੇ ਵਿੱਚ ਚਰਿੱਤਰ ਦਾ ਪਾਲਣ ਕਰਦਾ ਹੈ, ਉਸ ਦੇ ਨਿਯਮ (ਕੁਦਰਤੀ) ਤੋਂ ਤੀਸਰਾ ਆਰਜਵ ਨਾਂਉਂ ਦਾ ਧਰਮ ਹੁੰਦਾ ਹੈ। ਭਾਵ ਛਲ, ਕਪਟ ਨੂੰ ਛੱਡ ਕੇ ਮਨ, ਵਚਨ, ਕਾਇਆ ਦੀ ਸਰਲ ਪ੍ਰਵਿਰਤੀ ਨੂੰ ਆਰਜਵ ਧਰਮ ਆਖਦੇ ਹਨ।

74. ਜੋ ਮੁਨੀ ਦੂਸਰੇ ਦੇ ਦੁੱਖ ਪਹੁੰਚਾਉਣ ਵਾਲੇ ਵਚਨਾਂ ਨੂੰ ਛੱਡ ਕੇ ਆਪਣੇ ਅਤੇ ਦੂਸਰੇ ਦੇ ਭਲੇ ਲਈ ਵਚਨ ਬੋਲਦਾ ਹੈ, ਉਸ ਦੇ ਚੌਥਾ ਸੱਚ ਧਰਮ



ਹੁੰਦਾ ਹੈ। ਜਿਸ ਵਚਨ ਦੇ ਆਖਣ ਨਾਲ ਆਪਣਾ ਅਤੇ ਪਰਾਏ ਦਾ ਭਲਾ ਹੁੰਦਾ ਹੈ ਅਤੇ ਦੂਸਰੇ ਨੂੰ ਕਸ਼ਟ ਨਹੀਂ ਪਹੁੰਚਦਾ ਉਸ ਨੂੰ ਸੱਚ ਆਖਦੇ ਹਨ।

75. ਜੋ ਮਹਾਨ ਮੁਨੀ ਇੱਛਾਵਾਂ ਨੂੰ ਰੋਕ ਕੇ ਅਤੇ ਵੈਰਾਗ ਰੂਪੀ ਵਿਚਾਰਾਂ ਵਾਲਾ ਆਚਰਣ ਕਰਦਾ ਹੈ, ਉਸ ਦੇ ਸ਼ੋਚ ਧਰਮ ਹੁੰਦਾ ਹੈ, ਭਾਵ ਲੋਭ, ਕਸ਼ਾਏ ਦਾ ਤਿਆਗ ਕਰਕੇ ਉਦਾਸੀਨ ਰੂਪ ਪਰਿਣਾਮ ਰੱਖਣ ਨੂੰ ਸ਼ੋਚ ਧਰਮ ਆਖਦੇ ਹਨ।

76. ਵਰਤਾਂ ਅਤੇ ਸਮਿਤੀਆਂ ਦੀ ਪਾਲਣਾ, ਦੰਡ, ਤਿਆਗ ਭਾਵ ਮਨ, ਵਚਨ, ਕਾਇਆ ਦੀ ਪ੍ਰਵਿਰਤੀ ਨੂੰ ਰੋਕਣਾ ਅਤੇ ਪੰਜ ਇੰਦਰੀਆਂ ਨੂੰ ਜਿੱਤਣ ਦੇ ਪਰਿਣਾਮ ਜਿਸ ਜੀਵ ਦੇ ਹੁੰਦੇ ਹਨ, ਉਸ ਨੂੰ ਸੰਯਮ ਧਰਮ ਨਿਯਮ ਤੋਂ ਹੁੰਦਾ ਹੈ। ਆਮ ਤੌਰ 'ਤੇ ਪੰਜ ਇੰਦਰੀਆਂ ਤੇ ਮਨ ਨੂੰ ਰੋਕਣ ਨਾਲ ਸੰਜਮ ਧਰਮ ਹੁੰਦਾ ਹੈ। ਵਰਤ, ਸੰਮਤੀ, ਗੁਪਤੀ ਇਸ ਦੇ ਭੇਦ ਹਨ।

77. ਪੰਜ ਇੰਦਰੀਆਂ ਦੇ ਵਿਸ਼ੇ ਨੂੰ ਅਤੇ ਚਾਰ ਕਸ਼ਾਇਆਂ ਨੂੰ ਰੋਕ ਕੇ ਸ਼ੁਭ ਧਿਆਨ ਦੀ ਪ੍ਰਾਪਤੀ ਦੇ ਲਈ ਜੋ ਆਤਮਾ ਵਿਚਾਰ ਕਰਦਾ ਹੈ, ਉਸ ਦੇ ਨਿਯਮ ਤੋਂ ਤਪ ਧਰਮ ਹੁੰਦਾ ਹੈ।

78. ਜਿਨੇਂਦਰ ਭਗਵਾਨ ਨੇ ਆਖਿਆ ਹੈ ਕਿ ਜੋ ਜੀਵ ਸਾਰੇ ਪਰਾਏ ਦਰੱਵਾਂ ਦਾ ਮੋਹ ਛੱਡ ਕੇ ਸੰਸਾਰ, ਦੇਹ ਅਤੇ ਭੋਗਾਂ ਦੇ ਪ੍ਰਤੀ ਉਦਾਸੀਨ ਪਰਿਣਾਮ ਰੱਖਦਾ ਹੈ, ਉਸ ਦੇ ਤਿਆਗ ਧਰਮ ਹੁੰਦਾ ਹੈ।

79. ਜੋ ਮੁਨੀ 10 ਪ੍ਰਕਾਰ ਦੇ ਪਰਿਗ੍ਰਹਿ ਤੋਂ ਰਹਿਤ ਹੋ ਕੇ ਅਤੇ ਸੁੱਖ ਦੁੱਖ ਦੇਣ ਵਾਲੇ ਕਰਮ ਪੈਦਾ ਕਰਨ ਵਾਲੇ ਨਿੱਜ ਭਾਵਾਂ ਨੂੰ ਰੋਕ ਕੇ ਨਿਸ਼ਚਿੰਤ ਆਚਰਣ ਕਰਦਾ ਹੈ, ਉਸ ਨੂੰ ਅਕਿੰਚਣ ਧਰਮ ਹੁੰਦਾ ਹੈ, ਭਾਵ ਅੰਦਰਲੇ ਅਤੇ ਬਾਹਰਲੇ ਪਰਿਗ੍ਰਹਿ ਨੂੰ ਛੱਡਣ ਦਾ ਨਾਮ ਅਕਿੰਚਣ ਹੈ।

80. ਜੋ ਪੁੰਨ ਆਤਮਾ ਇਸਤਰੀਆਂ ਦੇ ਸਾਰੇ ਸੁੰਦਰ ਅੰਗਾਂ ਨੂੰ ਵੇਖ ਕੇ ਉਨ੍ਹਾਂ ਪ੍ਰਤੀ ਰਾਗ ਰੂਪ ਬੁਰੇ ਪਰਿਣਾਮ ਕਰਨਾ ਛੱਡ ਦਿੰਦਾ ਹੈ, ਉਹ ਮਹਾਨ ਬ੍ਰਹਮਚਰਜ ਨੂੰ ਧਾਰਨ ਕਰਦਾ ਹੈ।

81. ਜੋ ਜੀਵ ਸ੍ਰਾਵਕ ਧਰਮ ਨੂੰ ਛੱਡ ਕੇ ਮੁਨੀ ਦੇ ਧਰਮ ਦਾ ਆਚਰਣ ਕਰਦਾ ਹੈ, ਉਹ ਮੋਕਸ਼ ਨੂੰ ਨਹੀਂ ਛੱਡਦਾ ਭਾਵ ਮੋਕਸ਼ ਨੂੰ ਪਾ ਲੈਂਦਾ ਹੈ। ਇਸ ਪ੍ਰਕਾਰ ਧਰਮ ਭਾਵਨਾ ਦਾ ਸਦਾ ਚਿੰਤਨ ਕਰਨਾ ਚਾਹੀਦਾ ਹੈ। ਭਾਵ ਜੇ ਪਰੰਪਰਾ ਤੋਂ ਸ੍ਰਾਵਕ ਧਰਮ ਵੀ ਮੋਕਸ਼ ਦਾ ਕਾਰਨ ਹੈ ਪਰੰਤੂ ਅਸਲ ਵਿੱਚ



ਮੁਨੀ ਧਰਮ ਵਿੱਚ ਸਪੱਸ਼ਟ ਮੋਕਸ਼ ਹੁੰਦਾ ਹੈ। ਇਸ ਲਈ ਇਸ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।

82. ਜੀਵ ਨਿਸ਼ਚੈ ਨਯ ਤੋਂ ਸ੍ਰਾਵਕ ਅਤੇ ਮੁਨੀ ਧਰਮ ਤੋਂ ਬਿਲਕੁੱਲ ਜੁਦਾ ਹੈ। ਇਸ ਲਈ ਰਾਗ ਦਵੇਸ਼ ਰਹਿਤ ਪਰਿਣਾਮਾਂ ਦੇ ਸ਼ੁੱਧ ਸਰੂਪ ਆਤਮਾ ਦਾ ਸਦਾ ਧਿਆਨ ਕਰਨਾ ਚਾਹੀਦਾ ਹੈ।



## (12)

## ਬੋਧੀ ਦੁਰਲਭ ਭਾਵਨਾ

83. ਜਿਸ ਉਪਾਅ ਨਾਲ ਸੱਮਿਅਕਤ ਗਿਆਨ ਦੀ ਉੱਤਪਤੀ ਹੋਵੇ ਉਸ ਉਪਾਅ ਦੀ ਚਿੰਤਾ ਕਰਨ ਨੂੰ ਅਤਿਅੰਤ ਦੁਰਲਭ ਬੋਧੀ ਭਾਵਨਾ ਆਖਦੇ ਹਨ। ਕਿਉਂਕਿ ਬੋਧੀ ਭਾਵ ਸੱਮਿਅਕ ਗਿਆਨ ਪਾਉਣਾ ਬਹੁਤ ਮੁਸ਼ਕਿਲ ਹੈ।

84. ਅਸ਼ੁੱਧ ਨਿਸ਼ਚੈ ਨਯ ਤੋਂ, ਸ਼ਾਯੋਸ਼ਮਿਕ ਗਿਆਨ ਕਰਮਾਂ ਦੇ ਉਦੈ ਤੋਂ ਜੋ ਕਿ ਪਰਦ੍ਰਵ ਹੈ ਅਤੇ ਸੱਮਿਅਕ ਗਿਆਨ (ਬੋਧੀ ਗਿਆਨ) ਸਵਦ੍ਰਵ ਹੈ ਭਾਵ ਆਤਮਾ ਦਾ ਨਿਜ ਸੁਭਾਵ ਹੈ। ਇਸ ਲਈ ਗ੍ਰਹਿਣ ਕਰਨ ਯੋਗ ਹੈ।

85. ਅਸ਼ੁੱਧ ਨਿਸ਼ਚੈ ਨਯ ਤੋਂ ਕਰਮ ਦੀ ਜੋ ਮਿਥਿਆਤਵ ਆਦਿ ਦੀਆਂ ਮੂਲ ਪ੍ਰਕਿਰਤੀਆਂ ਅਤੇ ਉੱਤਰ ਪ੍ਰਕਿਰਤੀਆਂ ਗਿਣਤੀ ਵਿੱਚ ਅਸੰਖਿਆਤ ਲੋਕ ਦੇ ਬਰਾਬਰ ਹਨ, ਉਹ ਪ੍ਰਾਰਦ੍ਰਵ ਹਨ ਭਾਵ ਆਤਮਾ ਤੋਂ ਵੱਖ ਹਨ ਅਤੇ ਆਤਮਾ ਨਿੱਜ ਦ੍ਰਵ ਹੈ।

86. ਇਸ ਪ੍ਰਕਾਰ ਅਸ਼ੁੱਧ ਨਯ ਤੋਂ ਗਿਆਨ ਹੇਯ-ਉਪਾਧਿਆਇ (ਰੂਪ ਹੁੰਦਾ ਹੈ। ਪਰ ਸ਼ੁੱਧ ਨਿਸ਼ਚੈ ਨਯ ਤੋਂ ਹੇਯ-ਉਪਾਧਿਆਇ ਰੂਪੀ ਵਿਕਲਪ ਵੀ



ਨਹੀਂ ਰਹਿੰਦਾ। ਮੁਨੀ ਸੰਸਾਰ ਤੋਂ ਵਿਰਕਤ ਹੋਣ ਦੇ ਲਈ ਸੱਮਿਅਕ ਗਿਆਨ (ਬੋਧੀ ਭਾਵਨਾ) ਦਾ ਚਿੰਤਨ ਕਰੋ।

87. ਇਹ 12 ਭਾਵਨਾਵਾਂ ਹੀ ਪ੍ਰਤੱਖਿਆਨ, ਪ੍ਰਤੀਕਰਮਣ, ਆਲੋਚਨਾ ਅਤੇ ਸਮਾਧੀ ਸਰੂਪ ਹਨ, ਇਸ ਲਈ ਨਿਰੰਤਰ ਇਨ੍ਹਾਂ ਦਾ ਚਿੰਤਨ ਕਰਨਾ ਚਾਹੀਦਾ ਹੈ।

88. ਜੇ ਆਪਣੀ ਸ਼ਕਤੀ ਹੋਵੇ ਤਾਂ ਪ੍ਰਤੀਕ੍ਰਮਣ, ਪ੍ਰਤੱਖਿਆਨ, ਸਮਾਧੀ, ਸਮਾਇਕ ਅਤੇ ਆਲੋਚਨਾ ਰਾਤ ਦਿਨ ਕਰਦੇ ਰਹੋ।

89. ਜੋ ਪੁਰਸ਼ ਇਨ੍ਹਾਂ 12 ਭਾਵਨਾਵਾਂ ਦਾ ਚਿੰਤਨ ਕਰਕੇ ਅਨਾਦਿ ਕਾਲ ਤੋਂ ਅੱਜ ਤੱਕ ਮੋਕਸ਼ ਗਏ ਹਨ, ਮੈਂ ਉਨ੍ਹਾਂ ਨੂੰ ਮਨ, ਵਚਨ, ਕਾਇਆ ਰਾਹੀਂ ਬਾਰ ਬਾਰ ਨਮਸਕਾਰ ਕਰਦਾ ਹਾਂ।

90. ਇਸ ਵਿਸ਼ੇ ਵਿੱਚ ਜ਼ਿਆਦਾ ਆਖਣ ਦੀ ਜ਼ਰੂਰਤ ਨਹੀਂ ਹੈ। ਇੰਨਾ ਹੀ ਬਹੁਤ ਹੈ ਕਿ ਭੂਤਕਾਲ ਵਿੱਚ ਜਿੰਨੇ ਮਹਾਨ ਪੁਰਸ਼ ਸਿੱਧ ਹੋਏ ਹਨ, ਅਤੇ ਅੱਗੇ ਨੂੰ ਹੋਣਗੇ, ਉਹ ਸਾਰੇ ਇਨ੍ਹਾਂ ਭਾਵਨਾਵਾਂ ਦਾ ਚਿੰਤਨ ਕਰਕੇ ਹੀ ਹੋਏ ਹਨ। ਇਨ੍ਹਾਂ ਭਾਵਨਾਵਾਂ ਦਾ ਮਹਾਤਮ ਸਮਝਣਾ ਚਾਹੀਦਾ ਹੈ।

91. ਇਸ ਪ੍ਰਕਾਰ ਨਿਸ਼ਚੈ ਅਤੇ ਵਿਵਹਾਰ ਨਯ ਦੇ ਇਹ 12 ਪ੍ਰਕਾਰਾਂ ਦਾ ਸਰੂਪ ਜੋ ਮੁਨੀਆਂ ਦੇ ਸੁਆਮੀ ਸ਼੍ਰੀ ਕੁੰਦਕੁੰਦ ਅਚਾਰਿਆ ਨੇ ਆਖਿਆ ਹੈ ਉਸ ਨੂੰ ਜੋ ਪੁਰਸ਼ ਸ਼ੁੱਧ ਚਿੱਤ ਨਾਲ ਚੇਤੇ ਕਰੇਗਾ ਉਹ ਮੋਕਸ਼ ਨੂੰ ਪ੍ਰਾਪਤ ਹੋਵੇਗਾ।

